ਨਸਲੀ ਬਰਾਬਰਤਾ ਦੇ ਪ੍ਰਚਾਰ 'ਤੇ
ਮੌਜੂਦਾ ਅਤੇ ਯੋਜਨਾਬੱਧ ਉਪਾਅ

## ਹਾਂਗ ਕਾਂਗ ਅਬਜਰਵੇਟਰੀ

ਹਾਂਗ ਕਾਂਗ ਅਬਜਰਵੇਟਰੀ (HKO) ਦਾ ਉਦੇਸ਼ ਆਮ ਜਨਤਾ ਦੇ ਨਾਲ ਨਾਲ, ਸਮੁੰਦਰੀ ਅਤੇ ਹਵਾਈ ਜ਼ਹਾਜ਼ ਖੇਤਰਾਂ ਦੇ ਵਿਸ਼ੇਸ਼ ਉਪਭੋਗੀਆ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਮੌਸਮ ਸੰਬੰਧੀ ਉੱਚ ਪੱਧਰੀ ਸੇਵਾਵਾਂ ਮੁਹੱਈਆ ਕਰਾਉਣਾ ਹੈ। *HKO* ਲਈ ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਉਹਨਾਂ ਦੀ ਆਪਣੀਆਂ ਸੇਵਾਵਾਂ ਤੱਕ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣਾ ਬਹੁਤ ਮਹੱਤਤਾ ਰੱਖਦਾ ਹੈ।

| | |
|---|---|
| ਸਬੰਧਿਤ ਸੇਵਾਵਾਂ | • HKO (a) ਮੌਸਮ ਦੀ ਭਵਿੱਖਬਾਣੀ ਕਰਨ ਅਤੇ ਖ਼ਤਰਨਾਕ ਮੌਸਮ ਬਾਰੇ ਚੇਤਾਵਨੀ ਜਾਰੀ ਕਰਨ; (b) ਹਾਂਗ ਕਾਂਗ ਵਿੱਚ ਵਾਤਾਵਰਣ ਦੇ ਰੇਡੀਏਸ਼ਨ ਪੱਧਰਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ; ਅਤੇ (c) ਹਾਂਗ ਕਾਂਗ ਸਮੇਂ ਦੇ ਮਿਆਰ ਨੂੰ ਕਾਇਮ ਰੱਖਣ ਅਤੇ ਭੂ-ਵਿਗਿਆਨ, ਸਮੁੰਦਰੀ ਵਿਗਿਆਨ, ਖਗੋਲ-ਵਿਗਿਆਨ ਅਤੇ ਜਲਵਾਯੂ ਸੰਬੰਧੀ ਜਾਣਕਾਰੀ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੈ। |
| ਮੌਜੂਦਾ ਉਪਾਅ | • HKO ਮੌਸਮ ਦੀ ਚੇਤਾਵਨੀ ਅਤੇ ਸੇਵਾਵਾਂ ਬਾਰੇ ਜਾਣਕਾਰੀ HKO ਦੀ ਵੈੱਬਸਾਈਟ ਤੇ ਹਾਂਗ ਕਾਂਗ ਦੀਆਂ ਦੋ ਸਰਕਾਰੀ ਭਾਸ਼ਾਵਾਂ (ਅਰਥਾਤ ਚੀਨੀ ਅਤੇ ਅੰਗਰੇਜੀ) ਵਿੱਚ ਉਪਲਬਧ ਹੈ। ਮੌਸਮ ਦੀ ਮੁੱਢਲੀ ਜਾਣਕਾਰੀ ਵੱਖੋ-ਵੱਖ ਭਾਸ਼ਾਵਾਂ[1] ਵਿੱਚ ਮੁਹੱਈਆ ਕਰਵਾਉਣ ਲਈ ਵਿਅਕਤੀਗਤ ਮੌਸਮ ਵੈਬਸਾਈਟ ਵੀ ਸ਼ੁਰੂ ਕੀਤੀ ਗਈ ਹੈ।<br>• ਆਮ ਲੋਕਾਂ ਨੂੰ ਵੰਡਣ ਲਈ ਜਾਣਕਾਰੀ ਭਰਪੂਰ ਅਤੇ ਵਿਦਿਅਕ ਪਰਚੇ/ਪੁਸਤਕਾਂ ਵੀ ਦੋਵੇਂ ਸਰਕਾਰੀ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ, HKO ਨੇ ਮੌਸਮ ਦੀਆਂ ਚੇਤਾਵਨੀਆਂ ਬਾਰੇ ਤਿੰਨ ਪਰਚੇ ("ਹਾਂਗ ਕਾਂਗ ਦਾ ਤੇਜ਼ ਝੱਖੜ ਚੇਤਾਵਨੀ ਸੰਕੇਤ"[2] , "ਤੂਫ਼ਾਨੀ ਬਾਰਿਸ਼ ਦੀ ਚੇਤਾਵਨੀ ਪ੍ਰਣਾਲੀ "[3] ਅਤੇ "ਜ਼ੋਰਦਾਰ ਮੌਨਸੂਨ ਸੰਕੇਤ"[4] ਦਾ ਅਨੁਵਾਦ ਵੱਖੋ-ਵੱਖ ਭਾਸ਼ਾਵਾਂ[1] ਵਿੱਚ ਕੀਤਾ ਹੈ ਜੋ HKO ਦੀ ਵੈੱਬਸਾਈਟ ਉੱਤੇ ਅਪਲੋਡ ਕੀਤੇ ਗਏ ਹਨ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • HKO ਸਮੇਂ ਸਮੇਂ ਤੇ ਵੱਖ ਵੱਖ ਨਸਲ ਦੇ ਲੋਕਾਂ ਦੀਆਂ ਜਰੂਰਤਾਂ ਦੀ ਪੂਰਤੀ ਦੇ ਦ੍ਰਿਸ਼ਟੀਕੋਣ ਨਾਲ ਸਾਡੀਆਂ ਸੇਵਾਵਾਂ ਦੀ ਸਮੀਖਿਆ ਕਰੇਗਾ। |

1. ਭਾਸ਼ਾਵਾਂ ਵਿੱਚ ਹਿੰਦੀ, ਨੇਪਾਲੀ, ਉਰਦੂ, ਥਾਈ, ਬਹਾਸਾ ਇੰਡੋਨੇਸ਼ੀਆ, ਤਾਗਾਲੋਗ, ਪੰਜਾਬੀ ਅਤੇ ਵੀਅਤਨਾਮੀ ਸ਼ਾਮਲ ਹਨ।
2. ਪਬਲੀਕੇਸ਼ਨ ਨੰ. 33
3. ਪਬਲੀਕੇਸ਼ਨ ਨੰ. 20
4. ਪਬਲੀਕੇਸ਼ਨ ਨੰ. 35

| | |
|---|---|
| ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ | • HKO ਆਉਣ ਵਾਲੇ ਸਾਲਾਂ ਵਿਚ ਮੌਸਮ ਦੀਆਂ ਚੇਤਾਵਨੀਆਂ ਦੇ ਪਰਚੇ / ਪੁਸਤਿਕਾਵਾਂ ਵੱਖ ਵੱਖ ਨਸਲਾਂ ਦੀਆਂ ਭਾਸ਼ਾਵਾਂ ਵਿਚ ਪ੍ਰਦਾਨ ਕਰੇਗਾ। |
| | • HKO ਲੋੜ ਅਨੁਸਾਰ ਵੱਖ ਵੱਖ ਨਸਲਾਂ ਦੇ ਲੋਕਾਂ ਲਈ ਵਿਦਿਅਕ ਗਤੀਵਿਧੀਆਂ ਦਾ ਪ੍ਰਬੰਧ ਕਰੇਗਾ, ਜਿਵੇਂ ਕਿ HKO ਦੇ ਦੌਰੇ। |

ਪੁੱਛਗਿੱਛ ਲਈ, ਕਿਰਪਾ ਕਰਕੇ ਹੇਠ ਲਿਖਿਆਂ ਚੈਨਲਾਂ ਰਾਹੀਂ ਸ਼੍ਰੀ ਸੈਨੋ ਵਾਈਯੂ, ਸਹਾਇਕ ਸੈਕਟਰੀ (ਜਨਰਲ) 2 ਨਾਲ ਸੰਪਰਕ ਕਰੋ: -


| | | |
|---|---|---|
| ਟੈਲੀਫੋਨ | : | 2926 8039 |
| ਫੈਕਸ | : | 2311 9448 |
| ਈਮੇਲ | : | mailbox@hko.gov.hk |
| ਡਾਕ | : | Hong Kong Observatory<br>134A Nathan Road<br>Kowloon<br>Hong Kong |


**ਹਾਂਗ ਕਾਂਗ ਅਬਜ਼ਰਵੇਟਰੀ**

**ਜੂਨ 2021**